# ਧੰਨ ਧੰਨ ਗੁਰੂ ਨਾਨਕ ਦੇਵ ਸਾਹਿਬ ਜੀ

## ਸ਼ਰਧਾ ਦੇ ਕੁਝ ਫੂਲ

ਜਦੋਂ ਜਦੋਂ ਵੀ ਕੋਈ ਮਹਾਤਮਾ, ਉਸ ਅਕਾਲ ਪੁਰਖ ਦਾ ਪੈਗ਼ਾਮ ਲੈਕੇ ਇਸ ਧਰਤੀ ਤੇ ਆਇਆ ਉਸ ਦੇ ਆਉਣ ਤੋਂ ਪਹਿਲਾਂ ਵਾਲੇ ਕਈ ਮਹਾਤਮਾਵਾਂ ਨੇ ਉਸ ਬਾਰੇ ਭਵਿਖਵਾਣੀਆਂ ਕੀਤੀਆਂ। ਗੁਰੂ ਨਾਨਕ ਪਾਤਸ਼ਾਹ ਦਾ ਆਗਮਨ ਕੋਈ ਮਾਮੂਲੀ ਘਟਨਾ ਨਹੀਂ ਸੀ। ਇਸ ਘਟਨਾ ਦੀ ਬੜੇ ਲੰਮੇਂ ਸਮੇਂ ਤੋਂ ਮਹਾਤਮਾਵਾਂ ਦੇ ਮੰਡਲ ਵਿਚ ਉਡੀਕ ਕੀਤੀ ਜਾ ਰਹੀ ਸੀ। ਲਖ ਬ੍ਰਹਮੇ, ਮਹੇਸ਼ ਵੀ ਤੇ ਹੋਰ ਵੀ ਕਈ ਉਸਦੇ ਆਗਮਨ ਦੀ ਉਡੀਕ ਵਿਚ ਤਰਸ ਰਹੇ ਸਨ। ਭਵਿਖ ਵਿਚ ਹੋਣ ਵਾਲੇ ਉਸਦੇ ਆਗਮਨ ਬਾਰੇ ਪੁਸ਼ਪਾਂਜਲੀਆਂ ਪਹਿਲਾਂ ਤੋਂ ਹੀ ਅਰਪਿਤ ਹੋਣੀਆਂ ਸ਼ੁਰੂ ਹੋ ਗਈਆਂ ਸਨ। ਰਿਗਵੇਦ ਸਭ ਤੋਂ ਪੁਰਾਤਨ ਗ੍ਰੰਥਾਂ ਵਿੱਚੋਂ ਮੰਨਿਆਂ ਜਾਂਦਾ ਹੈ ਜਿਸਦਾ ਪਹਿਲਾ ਹਿਸਾ ਤੇ ਆਖਰੀ ਹਿਸਾ ਵੀ ਆਪੋ ਵਿਚ ਕਈ ਸਦੀਆਂ ਦੂਰ ਹਨ। ਅਤੇ ਇਸਦਾ ਆਖਰੀ ਹਿਸਾ ਵੀ ਅਜ ਤੋਂ ਹਜ਼ਾਰਾਂ ਸਾਲ ਪਹਿਲੇ ਲਿਖਿਆ ਮੰਨਿਆਂ ਜਾਂਦਾ ਹੈ।

ਪਾਤਸ਼ਾਹਾਂ ਦੇ ਪਾਤਸ਼ਾਹ, ਸਤਿਗੁਰੂ, ਕਲਜੁਗ ਦੇ ਜਹਾਜ਼, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਦੇ ਪਵਿਤਰ ਪਾਵਨ ਆਗਮਨ ਦੀ ਅਲੌਕਿਕ ਦ੍ਰਿਸ਼ਟੀ, ਵਿਸਮਾਦਤ ਰੰਗਤ, ਨੂਰੀ ਝਲਕਾਰ ਤੇ ਅੰਮ੍ਰਿਤ ਦੇ ਬੁਕੇ ਨੂੰ ਰਿਗ ਵੇਦ ਨੇ ਆਪਣੀ ਕੋਇਲ ਕੂਕ, ਪੁਸ਼ਪਾਜਲੀ ਸ਼ਰਧਾ ਦੇ ਰੂਪ ਵਿਚ, ਪੰਨਿਆਂ ਤੇ ਇਉਂ ਬਿਖੇਰੀ ਹੈ:

ਬੀ ਚਕ੍ਰਮੇ ਪ੍ਰਿਥਵੀ ਏਸ ਐਤਾਨ ਕ੍ਰਿਤਾਏ ॥
ਵਿਸ਼ਨੂੰ ਮਨੁਸ਼ਏ ਦਸ ਅਸਮਾਨ ਧਰੁਵਾ ਸੁਅਸਏ ॥
ਕੀਰ ਰਾਜੂ ਜਨਮ ਉਰਸ਼ੂ ਜਨਮਾ ਚਕਾਰ ॥

(ਕਲਜੁਗ ਵਿਚ ਵਿਸ਼ਨੂੰ ਭਗਵਾਨ ਦਸ ਜਾਮੇ ਦੇਹੀ ਨੁਮਾ ਰੂਪਧਾਰੀ ਹੋਕੇ
ਇਸ ਸੰਸਾਰ ਵਿਚ ਆਵੇਗਾ,
ਸੰਸਾਰ ਕਲਿਆਣ ਲਈ ਧਰਮ ਪਰਚਾਰ ਕਰੇਗਾ॥)

ਅਗੇ ਚਲਕੇ ਰਿਗਵੇਦ ਵਿਚ ਇਉਂ ਲਿਖਿਆ ਹੈ :

ਸ੍ਰੀ ਨਾਨਕ ਗੁਰੰ ਵਰੰ ਸਕਲਾਦ ਹੇਤੁ ॥
ਹੇਹ ਸਮਸਤ ਜਗਤਾਂ ਵਰ ਵੇਦੀ ਕੇਤੰ ॥

(ਸਰਬ ਗੁਣ ਨਿਧਾਨ ਗੁਰੂ ਆਵੇਗਾ, ਸੰਸਾਰ ਵਿਚ ਧਰਮ,
ਕਰਮ ਦੇ ਪ੍ਰਚਾਰ ਹਿਤ, ਜਿਸਦਾ ਨਾਂ ਨਾਨਕ ਹੋਵੇਗਾ ਤੇ
ਉਹ ਬੇਦੀ ਬੰਸ ਵਿਚ ਹੋਵੇਗਾ।)

ਸਾਧ ਸੰਗਤ ਜੀ ਧਿਆਨ ਦੇਣਯੋਗ ਹੈ ਕਿ ਰਿਗ ਵੇਦ, ਆਮ ਕਰਕੇ, ਦੇਵਤਿਆਂ ਦਾ ਗ੍ਰੰਥ ਹੈ ਤੇ ਉਸਦੇ ਰਚਨਹਾਰ ਨੂੰ ਜਿਤਨਾਂ ਉਸ ਵਕਤ ਆਪਣੇ ਗਿਆਨ ਨਾਲ ਨਜ਼ਰ ਆਇਆ, ਦਰਜ ਕਰ ਦਿਤਾ।

ਸ੍ਰੀ ਗੀਤਾ ਜੀ ਦੇ ਅਟੱਲ ਬਚਨਾਂ ਅਨੁਸਾਰ ਪ੍ਰਭੂ ਨੇ ਸੰਸਾਰ ਕਲਿਆਣ ਹਿਤ ਆਉਣਾ ਸੀ। ਗੀਤਾ ਦੇ ਚੌਥੇ ਅਧਿਆਇ ਵਿਚ ਵਾਹਿਗੁਰੂ ਦੇ ਅਟਲ ਕਾਨੂੰਨ ਦਾ ਇਉਂ ਪਰਸਾਰ ਹੈ :

ਯਦਾ ਯਦਾ ਹਿ ਧ੍ਰਮੱਸਯ ਗਲਾਨਿਰਭਵਤਿ ਭਾਰਤ॥
ਅਭਿਯੁਥਾਨਮ ਧ੍ਰਮੱਸਯ ਤਦਾਤਮਾਨੰ ਸ੍ਰਿਜਾਮਯਹਮ੍॥

ਪਰਿਤ੍ਰਾਣਾਯ ਸਾਧੂਨਾਂ ਵਿਨਾਸ਼ਾਯ ਚ ਦੁਸ਼ਕ੍ਰਿਤਾਮ੍॥
ਧ੍ਰਮਸੰਸਥਾਪਨਾਰਥਯ ਸੰਭਵਾਮਿ ਯੁਗਹ ਯੁਗਹ॥
(ਜਦੋਂ ਜਦੋਂ ਸੰਸਾਰ ਵਿਚ ਧਰਮ ਦੀ ਹਾਨੀ ਅਤੇ ਅਧਰਮ ਦਾ ਬੋਲਬਾਲਾ ਹੁੰਦਾ ਹੈ
ਤਦੋਂ ਤਦੋਂ ਮੈਂ ਧਰਮ ਪੁਰਸ਼ਾਂ (ਸਾਧੂਆਂ) ਦੇ ਕਲਿਆਣ ਹਿਤ ਆ ਕੇ
ਜ਼ਾਲਮ ਤੇ ਭਗਤ ਦੋਖੀਆਂ ਤੇ ਪਾਪੀਆਂ ਦੇ ਨਾਸ਼ ਕਰਨ ਲਈ
ਮਨੁਖੀ ਜਾਮੇ ਵਿਚ ਪਰਗਟ ਹੁੰਦਾ ਹਾਂ।)

ਬਿਲਕੁਲ ਅਜਿਹੇ ਹੀ ਬਚਨਾਂ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਵੀ ਆਪਣੇ ਆਉਣ ਦਾ ਪ੍ਰਯੋਜਨ ਦਸਦੇ ਹਨ - '**ਹਮ ਇਹ ਕਾਜ ਜਗਤ ਮੋ ਆਏ॥ ਧਰਮ ਹਤ ਗੁਰਦੇਵ ਪਠਾਏ॥ ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖਯਨਿ ਪਕਰਿ ਪਛਾਰੋ॥੪੨॥ ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥ ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨਿ॥੪੩॥**', ਬਚਿਤ੍ਰ ਨਾਟਕ।

ਪਰ ਸਾਡਾ ਵਿਚਾਰ ਹੈ ਕਿ ਗੁਰਮਤਿ ਅਨੁਸਾਰ ਰੱਬ ਆਪ ਜਨਮ ਨਹੀਂ ਲੈਂਦਾ ਸਗੋਂ ਆਪਣਾ ਨੁਮਾਇਦਾ, ਆਪਣਾ ਸੰਦੇਸ਼ ਦੇ ਕੇ ਭੇਜਦਾ ਹੈ । ਜਿਵੇਂ ਕਿ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਦਰਜ ਕੀਤਾ ਹੈ - '**ਗੁਰੂ ਨਾਨਕ ਜਗ ਮਾਹਿ ਪਠਾਇਆ**' ਨਾ ਕਿ ਆਪ ਆਇਆ। ਮਹਾਰਾਜ ਸ੍ਰੀ ਗੁਰੂ ਕਲਗੀਧਰ ਪਾਤਸ਼ਾਹ ਦਾ ਵੀ ਫ਼ੁਰਮਾਣ ਹੈ - '**ਇਹ ਕਾਰਜ ਪ੍ਰਭ ਮੋਹਿ ਪਠਾਯੋ**' **ਅਤੇ** '**ਧਰਮ ਹੇਤ ਗੁਰਦੇਵ ਪਠਾਏ॥**'

ਵਿਸ਼ਵ ਤਕ ਦੇ ਧਾਰਮਿਕ ਅਤੇ ਹੋਰ ਸਭ ਗ੍ਰੰਥਾਂ ਵਿਚ ਵੇਦ ਸਭ ਤੋਂ ਪੁਰਾਤਨ ਜਾਣੇ ਜਾਂਦੇ ਹਨ। ਜਿਸ ਤਰਾਂ ਰਿਗ ਵੇਦ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹਜ਼ਾਰਾਂ ਵਰ੍ਹੇ ਪਹਿਲਾਂ ਹੀ ਸ਼ਰਧਾਂਜਲੀ ਅਰਪਣ ਕੀਤੀ ਉਸੇ ਤਰਾਂ ਅਗੋਂ ਸ੍ਰੀ ਵੇਦ ਵਿਆਸ ਰਿਖੀ ਜੀ ਨੇ ਭਵਿਸ਼ਯਤੀ ਪੁਰਾਣ ਵਿਚ ਸ਼ਰਧਾ ਦੇ ਫੁਲ ਇਉਂ ਬਿਖੇਰੇ:

ਅਨਾਚਾਰਾਨ ਬਹੁਨੁਕਤਵਾ ਉਵਾਚ ਤੁ ਪਿਤਾਮਹ॥
ਏਵੰ ਵੈ ਧਰਮ ਪ੍ਰਚੂਰਯੰ ਭਵਿਸ਼ਯਤੀ ਯਦਾ ਕਲੌ॥੩੩॥
ਤਦਾ ਵੈ ਲੋਕ ਰਖਿਯੰ ਮਲੇਛਾਨਾਂ ਨਾਸ਼ ਹੇਤਵੇ॥
ਪਰਿਚਯੇਤਿ ਸ਼ੁਭਦੇਸ਼ੇ ਵੇਦੀ ਵੰਸ਼ੇਚ ਨਾਨਕ॥੩੪॥
ਨਾਮਨਾ ਚ ਭਵੁਰਾਜ ਰਿਸ਼ੀ ਬ੍ਰਹਮਗਿਆਨੇਕ ਮਾਨਸਾ॥
ਭਵਿਸ਼ਯਤੀ ਕਲੌ ਸਕੰਧ ਤੱਤਵ ਵ੍ਰਿਤ ਕਲਯਾਹਰੇ॥੩੫॥
(ਜਦੋਂ ਸੰਸਾਰ ਵਿਚ ਸਦਭਾਵਨਾ ਧਰਮ ਤੇ ਪ੍ਰੀਤਨਿਗਮ ਦ੍ਰਿਸ਼ਟੀਗੋਚਰ,
ਖਤਮ ਹੋ ਜਾਣਗੇ, ਉਸ ਸਮੇਂ ਨਿਆਸਰੇ ਮਜ਼ਲੂਮਾਂ ਦੀ ਰਖਿਆ ਦਾ ਬੀੜਾ ਚੁਕਣ ਲਈ
ਪੰਜਾਬ ਦੇਸ਼ ਦੇ ਬੇਦੀ ਬੰਸ ਵਿਚ ਸ੍ਰੀ ਨਾਨਕ ਨਾਮ ਦਾ ਬ੍ਰਹਮਗਿਆਨੀ ਰਾਜ ਰਿਸ਼ੀ ਪ੍ਰਗਟ ਹੋਵੇਗਾ।)

ਤੇ ਅਗੇ ਚਲਕੇ ਫੇਰ ਇਉਂ ਲਿਖਿਆ ਹੈ :

ਸ੍ਰੀਮਾਨ ਸਾਰ ਦੁਲਨ ਪਤਿਸੰਗਤਿ
ਪੁਨਹ ਮਲੇਛਾਨਾ ਹਰੇ ਨਸਿਅਤੀ ਸਕਲੰ ਧਰਮ ਤੱਤਵੋਪਦੇਸ॥
ਤੇ ਲੋਪ ਦ੍ਰਿਸ਼ਟੰ ਮਾਂਗਣੈ ਯੇ ਗ੍ਰਿਹੀ ਸ਼ਯਤੀ ਭ੍ਰਮਿਮ
ਤਵੈ ਰਾਜ ਕਰੰ ਸਾਯਤੀਂ ਤਸਿਅੰ ਸਿਖਨ ਸਰਿਤਾ॥
ਧਰਮੇਣ ਰਾਜਯਾ ਸਿਸਿਚੰ ਤੇਸਾ ਰਾਜਯਾ
ਤਮਰੇ ਕਾਲੇ ਮਲੇਛਾਗੋ ਮੁਖ ਨਿਪਾਦ॥

(ਉਹ ਬ੍ਰਹਮਗਿਆਨੀ, ਰਾਜ ਰਿਸ਼ੀ, ਪਾਪੀਆਂ ਤੇ ਮਲੇਛਾਂ ਦਾ ਸੰਘਾਰ ਕਰਕੇ

ਸਚ ਦੇ ਉਪਦੇਸ਼ਾਂ ਦਾ ਪ੍ਰਚਾਰ ਕਰੇਗਾ, ਉਸ ਰਾਜ ਰਿਸ਼ੀ ਦੀ ਅਲੌਕਿਕ ਦ੍ਰਿਸ਼ਟੀ ਜਿਸ ਉਪਰ ਪਏਗੀ ਉਸ ਦੀ ਜੈਜੈਕਾਰ ਹੋਵੇਗੀ। ਉਸ ਰਾਜ ਰਿਸ਼ੀ ਦੀ ਸਾਜੀ ਹੋਈ ਕੌਮ ਦੇ ਮਹਾਂਸੂਰਬੀਰ ਦੁਨੀਆਂ ਵਿਚ ਧਰਮ ਸਥਾਪਤ ਕਰਨਗੇ ਅਤੇ ਮਲੇਛਾਂ ਨੂੰ ਦੰਡ ਦੇਣਗੇ।)

ਜਿਵੇਂ ਇਥੇ ਰਿਸ਼ੀ ਵੇਦ ਵਿਆਸ ਜੀ ਪਾਤਸ਼ਾਹ ਨੂੰ 'ਰਾਜ ਰਿਸ਼ੀ' ਦੇ ਵਿਸ਼ੇਸ਼ਣ ਨਾਲ ਸੰਬੋਧਨ ਕਰ ਰਹੇ ਹਨ ਠੀਕ ਇਸੇ ਤਰ੍ਹਾਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਵੀ ਕਲਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਰਾਜਾ-ਜੋਗੀ ਕਰਿ ਕੇ ਗੁਣ ਗਾਇਨ ਕਰ ਰਹੇ ਹਨ ਕਿ ਮੈਂ ਉਸ ਪਰਮ ਗੁਰੂ ਨਾਨਕ ਦੇਵ ਜੀ ਦੇ ਗੁਣਾਂ ਦਾ ਗਾਇਨ ਕਰਦਾ ਹਾਂ ਜੋ ਪਾਪਾਂ ਨੂੰ ਦੂਰ ਕਰਨ ਵਾਲਾ ਤੇ ਬਾਣੀ ਦਾ ਸੋਮਾਂ ਹੈ । ਉਸਨੂੰ ਜੋਗੀ, ਜੰਗਮ, ਇੰਦਰ ਆਦਿਕ ਦੇਵਤੇ, ਪ੍ਰਹਲਾਦ ਆਦਿਕ ਭਗਤ ਗਾਉਂਦੇ ਤੇ ਯਾਦ ਕਰਦੇ ਹਨ; ਜਨਕ ਵਰਗੇ ਰਾਜੇ, ਰਿਖੀ ਮੁਨੀ, ਸ਼ਿਵਜੀ, ਧ੍ਰੂ ਆਦਿਕ ਭਗਤ ਜਿਸ ਦੀ ਪਰਮ ਸੱਤਿਆ ਦੇ ਗੁਣਾਂ ਦਾ ਗਾਇਨ ਕਰਦੇ ਨਹੀਂ ਥਕਦੇ ਮੈਂ ਉਸ ਰਾਜਾ-ਜੋਗੀ ਦੇ ਸੋਹਣੇ ਗੁਣ ਗਾਉਂਦਾ ਹਾਂ:

ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ॥
ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ ॥
ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੨॥
ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ ॥
ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ ॥
ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੩॥

ਰਿਖੀ ਵਿਆਸ ਜੀ ਨੇ ਤਾਂ ਇਥੋਂ ਤਕ ਬਿਆਨ ਕਰ ਦਿਤਾ ਹੈ, ਬ੍ਰਹਮਾ ਵਿਸ਼ਨੂੰ ਅਤੇ ਸ਼ਿਵਜੀ ਆਦਿ ਦਾ ਜੋ ਵਾਹਿਗੁਰੂ ਹਰੀ ਪ੍ਰਭੂ, ਅਕਾਲ ਪੁਰਖ ਹੈ ਅਤੇ ਸਾਖਿਆਤ, ਪਰਤੱਖ, ਉਸ ਨਿਰੰਕਾਰ ਜੋਤੀ ਸਰੂਪ ਪਾਰਬ੍ਰਹਮ ਪ੍ਰਭੂ ਦਾ ਰੂਪ, ਗੁਰੂ ਨਾਨਕ ਪ੍ਰਗਟ ਹੋਵੇਗਾ:

ਗੁਰੂ ਰ ਬ੍ਰਹਮਾ ਗੁਰੂ ਰ ਵਿਸ਼ਨੂੰ ਗੁਰੂ ਰ ਦੇਵ ਮਹੇਸ਼ਵਰਾ॥
ਸਾਖਿਆਤ ਪਾਰਬ੍ਰਹਮੁ ਤਪੱਸਵੀ ਨਾਨਕ ਨਾਮਹ॥

ਧੰਨ ਗੁਰੂ ਨਾਨਕ
ਧੰਨ ਗੁਰੂ ਨਾਨਕ
ਗੁਰੂ ਨਾਨਕ ਤੇਰੀ ਜਯ ਹੋਵੇ ਬਾਬਾ ਨਾਨਕ ਤੇਰੀ ਜਯ ਹੋਵੇ
ਗੁਰੂ ਨਾਨਕ ਤੇਰੀ ਜਯ ਹੋਵੇ ਬਾਬਾ ਨਾਨਕ ਤੇਰੀ ਜਯ ਹੋਵੇ
ਅਰਸ਼ਾਂ ਤੋਂ ਫੁਲ ਪੈ ਵਰਦੇ - ਗੁਰੂ ਨਾਨਕ ਤੇਰੀ ਜਯ ਹੋਵੇ
ਬਾਬਾ ਨਾਨਕ ਤੇਰੀ ਜਯ ਹੋਵੇ ਗੁਰੂ ਨਾਨਕ ਤੇਰੀ ਜਯ ਹੋਵੇ
ਬਾਬਾ ਨਾਨਕ ਤੇਰੀ ਜਯ ਹੋਵੇ

ਕੇਵਲ ਵੇਦਾਂ ਪੁਰਾਣਾ ਨੇ ਹੀ ਬਾਬਾ ਨਾਨਕ ਜੀ ਨੇ ਗੁਣ ਨਹੀਂ ਗਾਏ ਸਗੋਂ ਸਿੰਮ੍ਰਿਤੀਆਂ ਨੇ ਵੀ ਆਪਣੇ ਸ਼ਰਧਾ ਦੇ ਪੁਸ਼ਪ ਭੇਂਟ ਕੀਤੇ ਹਨ । ਪਾਤੰਜਲ ਸਿਮਰਤੀ ਅਜ ਤੋਂ ਘਟ ਤੋਂ ਘਟ ਢਾਈ ਹਜ਼ਾਰ ਸਾਲ ਪਹਿਲਾਂ ਦੀ ਮੰਨੀ ਜਾਂਦੀ ਹੈ, ਜਿਸਦਾ ਯੋਗ ਸ਼ਾਸਤਰ ਦੁਨੀਆਂ ਭਰ ਵਿਚ ਮਸ਼ਹੂਰ ਹੈ, ਨੇ ਗੁਰੂ ਨਾਨਕ ਪਾਤਸ਼ਾਹ ਦੇ ਕਲਜੁਗ ਵਿਚ ਪ੍ਰਗਟ ਹੋਣ ਦੀ ਭਵਿਖਵਾਣੀ ਨੂੰ ਹੀ ਮੂਰਤੀਮਾਨ ਨਹੀਂ ਕੀਤਾ ਸਗੋਂ ਉਦੋਂ ਹੀ ਇਹ ਐਲਾਨ ਵੀ ਕਰ ਦਿਤਾ ਕਿ ਉਹ ਕਲਜੁਗ ਦਾ ਜਹਾਜ਼ ਆਕੇ ਵਾਹਿਗੁਰੂ ਦੇ ਮੰਤਰ ਦਾ ਜਾਪ ਜਪਾਏਗਾ:

ਵਾਹਯੰਤੀ ਕਾਰਯੰਤੀ ਜਦੁਪਤੀ ਆਦਿਕ
ਇਤੀਵਾਹ ਬ੍ਰਹਮਾਦਯ ਤੇਸ਼ਾ ਗੁਰਾ ਇਤੀ ਵਾਹਿਗੁਰੂ॥

ਪਾਤੰਜਲੀ ਸਿਮਰਤੀ ਤੋਂ ਉਪਰੰਤ ਵਿਸ਼ਨੂੰ ਪੁਰਾਣ ਜੋ ਉਸਤੋਂ ਵੀ ਪੁਰਾਣਾ ਹੈ, ਵਿਚ ਬਹੁਤ ਸਿਧੇ ਤੇ ਸਰਲ ਵੀਚਾਰ ਮਿਲਦੇ ਹਨ। ਉਸ ਵਿਚ ਵਿਸ਼ਨੂੰ ਭਗਵਾਨ ਤੇ ਅੰਬਰੀਕ ਰਿਖੀ ਦਾ ਸੰਵਾਦ ਦਰਜ ਹੈ। ਅੰਬਰੀਕ ਰਿਖੀ ਜੀ ਵਿਸ਼ਨੂੰ ਭਗਵਾਨ ਤੋਂ ਕੁਝ ਸਵਾਲ ਪੁਛਦੇ ਹਨ ਜਿਸਦੇ ਜਵਾਬ ਵਿਸ਼ਨੂੰ ਭਗਵਾਨ ਜੀ ਆਪ ਦਿੰਦੇ ਹਨ। ਇਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਅਸਲ ਵਿਚ ਇਥੇ ਸਰਵੋਤਮ ਸੱਤਾ, ਪੁਰਖ (ਪੁਰੁਸ਼) ਨੂੰ ਹੀ 'ਵਿਸ਼ਨੂੰ' ਕਿਹਾ ਗਿਆ ਹੈ ਇਸ ਲਈ ਇਨ੍ਹਾਂ ਸੱਤਰਾਂ ਦੇ ਕਰਤਾ ਰਿਖੀ ਜੀ ਨੇ ਇਹੋ ਅਲੰਕਾਰ ਵਰਤ ਲਿਆ। ਅਸਲ ਵਿਚ ਉਹ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਆਪਣੇ ਵਲੋਂ ਸ਼੍ਰੋਮਣੀ ਹੀ ਮੰਨ ਰਹੇ ਹਨ। ਚੇਤੇ ਰਹੇ ਕਿ ਗੁਰੂ ਗ੍ਰੰਥ ਸਾਹਿਬ ਵਿਚ ਅਕਾਲ ਪੁਰਖ ਲਈ ਕਈ ਵਾਰ '**ਬਿਸਨ**' ਸ਼ਬਦ ਦੀ ਵਰਤੋਂ ਹੋਈ ਹੈ, ਜਿਵੇਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਬਚਨ ਕਰਦੇ ਹਨ - '**ਮਨੁ ਤਨੁ ਅਰਪੈ ਬਿਸਨ ਪਰੀਤਿ॥**', ਅੰਕ ੨੭੪. ਭਗਤ ਕਬੀਰ ਜੀ ਅਕਾਲ ਪੁਰਖ ਦਾ ਵਾਰ ਵਾਰ ਸਿਮਰਨ ਕਰਨ ਦਾ ਉਪਦੇਸ਼ ਦਿੰਦੇ ਹੋਏ ਉਨ੍ਹਾਂ ਲਈ '**ਬਿਸਨ**' ਸ਼ਬਦ ਦੀ ਵਰਤੋਂ ਕਰਦੇ ਹਨ - '**ਵਵਾ ਬਾਰ ਬਾਰ ਬਿਸਨ ਸਮ੍ਹਾਰਿ॥**', ਪੰਨਾ ੩੪੨. ਇਹੀ '**ਬਿਸਨ**' ਸ਼ਬਦ ਦੇਵਤਾ ਵਿਸ਼ਨੂੰ ਲਈ ਵੀ ਵਰਤਿਆ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ - '**ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥**', ਪੰਨਾ ੭੩੫; ਇੰਵ ਹੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ - '**ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥**', ਅੰਕ ੩੯੪.

ਰਾਜ ਰਿਖੀ ਅੰਬਰੀਕ ਜੀ ਅਤੇ ਵਿਸ਼ਨੂੰ ਜੀ ਦੇ ਸੰਵਾਦ ਦੀ ਇਹ ਲੜੀ ਇਸ ਪ੍ਰਕਾਰ ਹੈ:

ਤਦਾ ਨਾਮਾਵਤਾਰੋਂ ਮੇ ਪਾਚਾਨੇ ਸਾਮਯਤੀ ਧਰੁੱਵੇ
ਕਲਦੇਸ਼ ਹਿਤ ਗਿਆਨ ਲੋਕ ਸਯੋਧਾਰ ਹੇਤਵੇ॥

[ਜਦੋਂ ਲੋਕ ਪਾਪ ਭ੍ਰਿਸ਼ਟ ਹੋਕੇ ਵਾਹਿਗੁਰੂ ਦਾ ਨਾਮ ਭੁਲ ਜਾਣਗੇ
ਤਾਂ ਉਸ ਸਮੇਂ ਪੰਜਾਬ ਦੇਸ਼ ਵਿਚ ਮੈਂ ਜਨਮ ਧਾਰ ਕੇ ਆਵਾਂਗਾ
ਅਤੇ ਲੋਕਾਂ ਨੂੰ ਨਾਮ-ਸਿਮਰਨ ਕਰਾਵਾਂਗਾ ਤਾਂ ਰਿਖੀ ਅੰਬਰੀਕ ਜੀ ਨੇ
ਇਉਂ ਸਵਾਲ ਕੀਤਾ - ਹੇ ਪ੍ਰਭੂ ! ਆਪਜੀ ਦਾ ਉਦੋਂ ਕੀ ਨਾਂ ਹੋਵੇਗਾ ?

ਤਾਂ ਭਗਵਾਨ ਨੇ ਇਉਂ ਉਤਰ ਦਿਤਾ:

ਕਸ਼ੱਤਰੀਯ ਸਕੁੱਲ ਭੁਤਵਾ ਨਾਨਕ ਕੇਤੀ ਨਾਨਮੰ
ਲੋਕ ਸ਼ਰੀਰੱਖਸ਼ ਵਾਰਥਿਯੰ ਵਖਸ਼ਯ ਸਿਧ ਪੰਥ ਤੀਰਾਣਮ॥

(ਉਸ ਸਮੇਂ ਨਾਨਕ ਨਾਮ ਰਖਾ ਕੇ ਸੂਰਜਬੰਸੀ ਖਤਰੀ ਕੁਲ ਵਿਚ ਅਵਤਾਰ ਧਾਰਾਂਗਾ
ਅਤੇ ਅਗਿਆਨੀਆਂ ਨੂੰ ਸਿਧ ਪੰਥ ਭਾਵ ਸਿਧੇ ਰਾਹੇ ਪਾਵਾਂਗਾ।)

ਇਤਨਾ ਹੀ ਨਹੀਂ, ਰਿਖੀ ਜੀ ਨੂੰ ਬਹੁਤ ਜ਼ੋਰ ਦੇ ਕੇ ਕਿਹਾ ਗਿਆ:

ਸ੍ਰੀ ਨਾਨਕ ਸਤਤੰ ਕ੍ਰਿਤੰ ਸਾਮਿਗਾਮੀ
ਸ੍ਰੀ ਅਸੱਚ ਸ੍ਰੀ ਅਸੱਚ ਸ੍ਰੀ ਅਸੱਚ॥

(ਗੁਰੂ ਨਾਨਕ ਸੰਸਾਰ ਵਿਚ ਕਈ ਰੂਪਾਂ ਵਿਚ ਆਵੇਗਾ।
ਉਹ ਨਿਸਚੇ ਆਵੇਗਾ, ਨਿਸਚੇ ਆਵੇਗਾ, ਨਿਸਚੇ ਅਵੱਸ਼ ਹੀ ਆਵੇਗਾ।)

ਇਨਾਂ ਹੀ ਨਹੀਂ, ਮੁਸਲਿਮ ਗ੍ਰੰਥ ਵੀ ਸ਼ਰਧਾਂਜਲੀਆਂ ਦੇਣ ਤੋਂ ਪਿਛੇ ਨਹੀਂ ਰਹੇ । ਕੁਰਾਨ

ਤੋਂ ਬਾਦ ਦੂਜਾ ਦਰਜਾ ਰਖਣ ਵਾਲੇ ਪਾਕ ਹਦੀਸ ਹਬੀਬੀ ਗ੍ਰੰਥ ਵਿਚ ਹਜ਼ਰਤ ਊਨਸ ਨੇ ਇਉਂ ਮੂਰਤੀਮਾਨ ਕੀਤਾ ਹੈ:

"ਮੈਂ ਸਚ ਫਰਮਾਨ ਕਰਦਾ ਹਾਂ ਕਿ ਅਗੋਂ ਆਉਣ ਵਾਲੇ ਜ਼ਮਾਨੇ ਵਿਚ ਖੁਦਾਵੰਦ ਤਾਅਲਾ ਆਪ ਨਾਨਕ ਦੇ ਰੂਪ ਵਿਚ ਆਵੇਗਾ, ਤੁਸੀਂ ਉਮਤ ਨੇ ਉਸ ਨੂੰ ਮੰਨਣਾ ਹੋਵੇਗਾ।"

ਕਲਾ ਕਾਲਾ ਰਸੂਲਲਿਲਾ, ਸੌ ਲਿਲਾਹੂ ਸੁਲਾਏ ॥
ਵ-ਸਲਪ ਲੇਂ ਆਖਰੇ ਤਿਇਜ਼ਮਾਨਾ ਨਾਨਕ ਇਨਸ਼ਾਅਲਾ॥
ਅਲ ਹੁਕਮੇ ਅਲਉਮਤੀ ਫ਼ਿਤਾਏ ਆਬੇ ਆਈਨ॥

ਇਸ ਤੋਂ ਇਲਾਵਾ ਵਲੀ ਅਲਹ ਪੀਰ ਨਿਆਮਤਉਲਾ ਸ਼ਾਹ ਇਸਲਾਮ ਵਿਚ ਬੜੇ ਮਾਨਯੋਗ ਸਾਈਂ ਲੋਕ ਹੋਏ ਹਨ। ਉਨ੍ਹਾਂ ਦੀਆਂ ਲਿਖਤਾਂ ਕੁਰਾਨ ਵਾਂਗੂੰ ਪਾਕ ਮੰਨੀਆਂ ਜਾਂਦੀਆਂ ਹਨ। ਆਪਜੀ ਨੇ ਭਵਿਖ ਬਾਰੇ ਕੁਝ ਹਕੀਕਤਾਂ ਦਰਜ ਕੀਤੀਆਂ ਜੋ ਰੂ-ਬ-ਰੂ ਸਚ ਨਿਕਲੀਆਂ। ਆਪ ਜੀ ਇਉਂ ਲਿਖਦੇ ਹਨ:

ਪਾਂਚ ਸੱਦ ਹਸੁਤਾਦ ਹਿਜਰੀ ਆ ਜ਼ਮਾਨਾ ਗੁਫ਼ਤਾਸ਼ੁਦ।
ਨਿਹਮਤੁਲਾ ਰਾ ਚੂੰ ਅਗਾਹੀ ਸ਼ੁਦ ਅਸਰਾਰੇ ਹੱਕ॥

ਭਾਵ: ਸਚੇ ਅਲ੍ਹਾ ਤਾਲਾ ਦੇ ਭੇਦ ਦਸਣ ਵਾਲੀ ਕਿਤਾਬ ਕੁਰਾਨ ਵਿਚੋਂ ਜਿਹੜੇ ਭੇਦ ਪ੍ਰਾਪਤ ਕੀਤੇ ਹਨ, ਮੈਂ ਆਪ ਜੀ ਨੂੰ ਦਸਦਾ ਹਾਂ ਅਜ ੫੦੮ ਹਿਜਰੀ ਵਿਚ:

ਬੂਦ ਨਾਨਕ ਆਰਫ਼ੇ ਮਰਦੇ ਖੁਦਾ।
ਰਾਜ ਹਾ ਏ ਮਾਰਫ਼ਤ ਜੁ ਰਾਹ ਕੁਸ਼ਾ।
ਲੇਕਿਨ ਈਂ ਮਰਦੇ ਖੁਦਾ ਅਹਿਲੇ ਸ਼ਫ਼ਾ।
ਕਿਰਦ ਕੌਮੇ ਕਿ ਜ਼ੇਬ ਹਾਏ ਜ਼ਾਰ ਹਾਂ॥

ਭਾਵ: ਖ਼ੁਦਾ ਮਰਦ ਨਾਨਕ ਆਵੇਗਾ, ਆਖਿਰ ਜ਼ਮਾਨੇ ਵਿਚ, ਜਿਹੜਾ ਕੁਦਰੱਤ ਦੇ ਗੁਝੇ ਭੇਦ ਖੋਲੇਗਾ, ਜਿਹੜੇ ਭੇਦ ਪੈਗ਼ੰਬਰ ਨੇ ਨਹੀਂ ਖੋਲੇ ਹੋਣਗੇ। ਉਹ ਮਰਦ-ਏ-ਖ਼ੁਦਾ ਲੋਕਾਂ ਦੇ ਦਰਦ ਦੀ ਦਵਾ ਬਣ ਕੇ ਆਵੇਗਾ ਤੇ ਨਾਨਕ ਇਕ ਕੌਮ ਪੈਦਾ ਕਰੇਗਾ ਜਿਹੜੀ ਜ਼ੁਲਮ ਦਾ ਨਾਸ਼ ਕਰੇਗੀ।

ਪੀਰ ਸਾਹਿਬ ਦੀ ਲਿਖਤ ਅਨੁਸਾਰ ਇਹ ਗਲ ੫੦੨ ਹਿਜਰੀ ਦੀ ਹੈ ਅਤੇ ਸਤਿਗੁਰਾਂ ਦਾ ਪ੍ਰਕਾਸ਼ ੨ ਸ਼ਵਾਲ ੮੭੩ ਹਿਜਰੀ ਵਿਚ ਹੋਇਆ। ਸੋ ਇਹ ਲਿਖਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ੨੬੫ ਸਾਲ ਪਹਿਲਾਂ ਦੀ ਹੈ। ਪੀਰ ਜੀ ਅਗੇ ਲਿਖਦੇ ਹਨ ਜੋ ਪੇਸ਼ੀਨਗੋਈਆਂ ਵਲੀ ਨਿਆਮਤਉਲਾ ਸ਼ਾਹ ਕਸ਼ਮੀਰੀ ਵਿਚ ਦਰਜ ਹਨ:

ਸ਼ਾਹਿ ਬਾਬਰ ਹੁਕਮਰਾਨ ਗਰਦਦ ਅਜ਼ਰੂਏ ਚੰਦਰੋਜ਼।
ਦਰ ਜ਼ਮਾਨਸ਼ ਏਕ ਫ਼ਕੀਰਸ਼ ਅਜ਼ ਸਾਲਕਾ ਪੈਦਾ ਸ਼ਵੱਦ।੨੯।
ਨਾਮ ਓ ਨਾਨਕ ਬੂਦ ਆਰਦ ਜਹਾਂ ਪਾਵੈ ਰਜ਼ਊ।
ਗਰਮ ਬਜ਼ਾਰੀ ਫ਼ਕੀਰਸ਼ ਪੈਕਰਾਂ ਪੈਦਾ ਸ਼ਵੱਦ।੩੦।
ਦਰਮਿਆਂ ਮੁਲਕੇ ਪੰਜਾਬਸ਼ ਸ਼ਵਦ ਸੂਹਬਤ ਤਮਾਮ
ਕੌਮ ਸਿੰਘਾਨਸ਼ ਮੁਰੀਦ ਅਜਬਾਹਿਰਾ ਆਂ ਪੈਦਾ ਸ਼ਵਦ।੩੧।

ਭਾਵ: ਬਾਬਰ ਬਾਦਸ਼ਾਹ ਦੇ ਸਮੇਂ ਇਕ ਫ਼ਕੀਰ ਪ੍ਰਗਟ ਹੋਵੇਗਾ, ਜਿਹੜਾ ਧੁਰੋਂ ਹੀ ਪੈਗ਼ੰਬਰ ਹੋ ਕੇ ਆਵੇਗਾ ਤੇ ਉਸਦਾ ਨਾਂ ਨਾਨਕ ਹੋਵੇਗਾ ਅਤੇ ਉਹ ਪੰਜਾਬ ਮੁਲਕ ਦੇ ਦਰਮਿਆਨ ਵਿਚ ਪ੍ਰਗਟੇਗਾ ਪਰ ਉਸਦੀ ਪ੍ਰਭਤਾ ਸਾਰੇ ਸੰਸਾਰ ਵਿਚ ਪਸਰ ਜਾਏਗੀ। ਉਹ ਇਕ ਕੌਮ ਪੈਦਾ

ਕਰੇਗਾ ਜੋ ਸਿੰਘ ਅਖਵਾਉਣਗੇ।

ਪੀਰ ਸਾਹਿਬ ਦਾ ਤੱਪ ਅਸਥਾਨ ਕਸ਼ਮੀਰ ਦੀ ਰਾਜਧਾਨੀ ਸ੍ਰੀ ਨਗਰ ਤੋਂ ਗਿਲਗਿਤ ਨੂੰ ਜਾਈਏ ਤਾਂ ਇਸ ਰਸਤੇ ਵਿਚ ਬੰਡੀਪੁਰੇ ਤੋਂ ਸੁਨਮਰਗ ਪਹਾੜ ਉਪਰ ਉਨ੍ਹਾਂ ਦੀ ਗੁਫ਼ਾ ਹੈ। ਇਹ ਲਿਖਤ ਉਨ੍ਹਾਂ ਨੇ ਉਥੇ ਬੈਠ ਕੇ ਲਿਖੀ। ਆਪਨੇ ਗੁਫ਼ਾ ਦੇ ਦਰਵਾਜ਼ੇ ਉਪਰ "**ਬੂਦ ਨਾਨਕ**", ਭਾਵ "**ਨਾਨਕ ਆਵੇਗਾ**" ਲਿਖਿਆ ਹੋਇਆ ਹੈ। ਏਥੇ ਇਸਦੇ ਨਾਲ ੪੩੫ ਹਿਜਰੀ ਸੰਮਤ ਲਿਖਿਆ ਹੈ ਜਿਸਤੋਂ ਇਹ ਗੁਫ਼ਾ ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ੪੧੨ ਸਾਲ ਪਹਿਲਾਂ ਦੀ ਸਾਬਤ ਹੁੰਦੀ ਹੈ। ਇਸ ਤੋਂ ਇਹ ਸਿਧ ਹੁੰਦਾ ਹੈ ਕਿ ਜਾਂ ਤਾਂ ਪੀਰ ਸਾਹਿਬ ਦੀ ਉਮਰ ਹੀ ਕਈ ਸੌ ਸਾਲ ਦੀ ਸੀ ਜਾਂ ਫ਼ਿਰ ਉਨ੍ਹਾਂ ਦੇ ਕਿਸੇ ਬਜ਼ੁਰਗ ਸਤਿਕਾਰ ਯੋਗ ਪੀਰ ਦੀ ਹੋਵੇਗੀ।

ਆਖਿਰ ਜਦੋਂ ਉਹੀ ਬਾਬਾ ਦੁਨੀਆਂ ਤੇ ਪ੍ਰਗਟ ਹੋ ਕੇ ਵਿਚਰਿਆ ਤਾਂ ਹਿੰਦੂ ਨੇ ਉਸਨੂੰ ਆਪਣਾ ਗੁਰੂ ਤੇ ਮੁਸਲਮਾਨ ਨੇ ਆਪਣਾ ਪੀਰ ਮੰਨ ਲਿਆ। ਸੰਸਾਰ ਦੇ ਕੋਨੇ ਕੋਨੇ ਵਿਚ ਜਿਥੇ ਵੀ ਉਹ ਗਏ, ਭਾਈ ਗੁਰਦਾਸ ਜੀ ਦੀ ਕਥਨੀ '**ਬਾਬੇ ਬਾਝ ਨਾ ਖਾਲੀ ਜਾਈ**' ਅਨੁਸਾਰ, ਉਨ੍ਹਾਂ ਦੀ ਕਥਨੀ ਦੀ ਚਰਚਾ ਹਰ ਮੁਲਕ ਵਿਚ, ਹਰ ਸਮੇਂ ਤੇ, ਵਾਹਿਗੁਰੂ ਦੇ ਸਚੇ ਨਾਮ ਦੀ ਗੂੰਜ ਅਤੇ ਅਨਾਹਦ ਧੁੰਨੀ ਸਭ ਪਾਸੇ ਗੂੰਜ ਰਹੀ ਸੀ ਅਤੇ ਅਜ ਤਕ ਗੂੰਜਦੀ ਹੈ।

ਅਜ ਸੰਸਾਰ ਬਰੂਦ ਦਾ ਲਾਵਾ ਬਣਿਆ ਹੋਇਆ ਹੈ। ਕਿਧਰੇ ਵੀ ਸ਼ਾਂਤੀ ਨਜ਼ਰ ਨਹੀਂ ਆਉਂਦੀ। ਸੰਤੋਖ ਕਿਧਰੇ ਖੰਭ ਲਾ ਕੇ ਉਡ ਗਿਆ ਹੈ। ਭਾਵ, ਕੀ ਕਮਿਊਨਿਸਟ ਦੇਸ ਤੱਕੋ, ਸੋਸ਼ਲਿਸਟ ਤੱਕੋ; ਇੰਪੀਰੀਅਲਿਜ਼ਮ ਤਕੋ ਜਾਂ ਕੋਈ ਵੀ ਇਜ਼ਮ ਤੱਕੋ, ਕਿਧਰੇ ਵੀ ਸੰਤੁਸ਼ਟਤਾ ਅਤੇ ਸ਼ਾਂਤੀ ਨਹੀਂ ਮਿਲਦੀ। ਸੰਸਾਰ ਸ਼ਾਂਤੀ ਦਾ ਭੇਦ ਸਾਨੂੰ ਕੇਵਲ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਦਿਸਦਾ ਹੈ। ਤਾਂ ਹੀ ਤਾਂ ਰਬਿੰਦਰਾ ਨਾਥ ਟੈਗੋਰ ਨੇ ਬਾਬੇ ਨਾਨਕ ਦੀ ਆਰਤੀ (ਗਗਨ ਮੈ ਥਾਲ...) ਨੂੰ ਰਾਸ਼ਟਰੀ ਨਹੀਂ ਸਗੋਂ ਮਨੁਖਤਾ ਦਾ ਗੀਤ ਮੰਨਿਆ ਹੈ। ਅਜ ਗੁਰੂ ਨਾਨਕ ਸਾਹਿਬ ਵਲੋਂ ਕਰਵਾਏ ਗਏ ਪੱਥ ਪਰਦਰਸ਼ਨ ਨੂੰ ਸਭ ਤਕ ਪੁਚਾਉਣ ਦੀ ਪੂਰਨ ਜ਼ਿੰਮੇਵਾਰੀ ਸਾਡੇ ਮੋਢਿਆਂ ਤੇ ਹੈ, ਜਿਸਤੋਂ ਅਸੀਂ ਬਿਲਕੁਲ ਅਣਜਾਣ ਬੈਠੇ ਹਾਂ। ਜੇ ਅਜ ਦੇ ਯੁਗ ਵਿਚ ਵੀ ਅਸੀਂ ਪਰਚਾਰ ਕਰਨ ਵਿਚ ਪਿਛੇ ਰਹਿ ਜਾਂਦੇ ਹਾਂ, ਜਦੋਂ ਕਿ ਮੌਜੂਦਾ ਯੁਗ ਵਿਚ ਪਰਚਾਰ ਦਾ ਹਰ ਸਾਧਨ ਉਪਲਬਧ ਹੈ, ਤਾਂ ਨਿਰਸੰਦੇਹ ਅਸੀਂ ਹਰ ਦੁਖੀ, ਦੀਨ, ਮਜ਼ਲੂਮ ਵਿਅਕਤੀ ਵਲੋਂ ਸਜ਼ਾਦਾਰ, ਕਸੂਰਵਾਰ ਤੇ ਮੁਜਰਿਮ ਗਿਣੇ ਜਾਵਾਂਗੇ ਤੇ ਭਵਿਖ ਸਾਨੂੰ ਕਦੇ ਮੁਆਫ਼ ਨਹੀਂ ਕਰੇਗਾ।

ਪਰ ਉਸਤੋਂ ਪਹਿਲਾਂ ਲੋੜ ਹੈ ਆਪਾ ਸੁਆਰਨ ਦੀ। ਇਹ ਸਿਖੀ ਦਾ ਜੀਵਨ ਪਹਿਲਾਂ ਆਪਣੇ ਵਿਚ ਲਿਆਉਣਾਂ ਹੈ, ਫ਼ਿਰ ਆਪਣੇ ਪਰਿਵਾਰ ਤੇ ਬਚਿਆਂ ਵਿਚ ਅਤੇ ਫ਼ਿਰ ਸਾਰੀ ਮਨੁਖਤਾ ਵਿਚ।

ਕੋਈ ਪੁਸ਼ਪਾਂਜਲੀਆਂ ਦੇ ਸਮੁੰਦਰ ਵਿਚੋਂ ਕਿੰਨੀਆਂ ਕੁ ਸ਼ਰਧਾਂਜਲੀਆਂ ਗੁਲਦਸਤੇ ਵਿਚ ਇਕਠੀਆਂ ਕਰਕੇ ਦੇ ਸਕਦਾ ਹੈ। ਇਹ ਨਿਮਾਣਾ ਜਿਹਾ ਯਤਨ ਹੈ ਸਤਿਗੁਰੂ ਦੀ ਉਪਮਾ ਰੂਪ ਫੁਲ ਇਕਠੇ ਕਰਨ ਦਾ।

